**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ) ਪੰਜਾਬ.ਐਸ.ਏ.ਐਸ ਨਗਰ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ -E,ਚੋਥੀ ਮੰਜਿਲ, ਫੇਜ -8 ਐਸ.ਏ.ਐਸ ਨਗਰ**

ਵੱਲ,

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ;ਸਿ),ਪੰਜਾਬ।

2) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।

3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 6/1-2018 NPS ਫੰਡ1(3)/ 2018106886 — 106951

ਮਿਤੀ ਐਸ.ਏ.ਐਸ ਨਗਰ 18/10/18

ਵਿਸ਼ਾ ; **ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਅਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਤਹਿਤ ਭਰਤੀ ਕੀਤੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ/ਨਿਯਮਿਤ ਕਰਨ ਸਬੰਧੀ:- ਪਰਾਨ ਨੰਬਰ ਅਲਾਟ ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਸਕੂਲ ਮੁੱਖੀਆ ਡੀ.ਡੀ.ਓਜ਼ ਵੱਲੋਂ ਸਰਵ ਸਿੱਖਿਆ ਅਭਿਆਨ/ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ(ਅਦਰਸ਼ ਤੇ ਮਾਡਲ ਸਕੂਲਾਂ ਸਮੇਤ) ਅਧੀਨ ਕੰਮ ਕਰ ਰਹੇ ਅਧਿਆਪਕ ਜੋ ਕਿ ਆਪਣੀ ਸਹਿਮਤੀ ਦੇ ਕੇ ਸਿੱਖਿਆ ਵਿਭਾਗ ਵਿੱਚ ਨਿਯਮਿਤ ਤੋਰ ਤੇ ਨਿਯੁਕਤ ਹੋਣ ਉਪਰੰਤ ਹਾਜਰ ਹੋ ਚੁੱਕੇ ਹਨ, ਦੇ ਪਰਾਨ ਨੰਬਰ ਅਲਾਟ ਕਰਵਾਉਣ/ਤਨਖਾਹ ਡਰਾਅ ਕਰਵਾਉਣ ਸਬੰਧੀ ਕਿਹਾ ਜਾ ਰਿਹਾ ਹੈ ਕਿ ਪੋਸਟਾਂ ਦੀ ਮੰਨਜੂਰੀ ਪ੍ਰਾਪਤ ਨਹੀਂ ਹੋਈ।

ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 1/62/12-3ਸਿੱ7/1330634/1 ਮਿਤੀ 09-10-2018 ਰਾਹੀਂ ਵਿਭਾਗ ਵਿੱਚ 8886 ਆਸਾਮੀਆਂ ਦੀ ਰਚਨਾ ਕਰਕੇ ਹੀ ਇਹਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ/ਨਿਯਮਿਤ ਕੀਤੀਆਂ ਗਈਆਂ ਹਨ। ਸਕੂਲ /ਕਾਡਰ ਵਾਈਜ਼ ਅਲਾਟਮੈਂਟ ਵੱਖਰੇ ਤੋਰ ਤੇ ਕੀਤੀ ਜਾ ਰਹੀ ਹੈ।

ਸਮੂਹ ਡੀ.ਡੀ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਵ ਸਿੱਖਿਆ ਅਭਿਆਨ/ਰਮਸਾ ਤੋਂ ਆਪਣੀ ਸਹਿਮਤੀ ਦੇ ਕੇ ਉਨ੍ਹਾਂ ਦੇ ਸਕੂਲ ਜਾਂ ਅਟੈਚ ਕੀਤੇ ਗਏ ਸਕੂਲ ਵਿੱਚ ਹਾਜਰ ਹੋਏ ਕਰਮਚਾਰੀਆ ਤੋਂ ਹੇਠ ਲਿਖੇ ਦਸਤਾਵੇਜ ਪ੍ਰਾਪਤ ਕਰਕੇ/ਲਗਾ ਕੇ ਤੁਰੰਤ ਪਰਾਨ ਨੰਬਰ ਅਲਾਟ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇ।

1. ਪਰਾਨ ਨੰਬਰ ਅਲਾਟ ਕਰਵਾਉਣ ਸਬੰਧੀ ਫਾਰਮ CSRF-1.3 ਵਿੱਚ ਮੁਕੰਮਲ ਸੂਚਨਾ।
2. ਨਿਯੁਕਤੀ ਪੱਤਰ ਦੀ ਕਾਪੀ।
3. ਹਾਜਰੀ ਰਿਪੋਰਟ ਦੀ ਕਾਪੀ।
4. ਜਨਮ ਮਿਤੀ ਸਬੂਤ (ਦਸਵੀਂ ਦੇ ਸਰਟੀਫਿਕੇਟ ਦੀ ਕਾਪੀ)
5. ਅਧਾਰ ਕਾਰਡ ਦੀ ਕਾਪੀ
6. ਪੈਨ ਕਾਰਡ ਦੀ ਕਾਪੀ
7. ਸੈਲਰੀ ਸਬੰਧੀ ਬੈਂਕ ਖਾਤੇ ਦੀ ਡਿਟੇਲ(ਪਾਸ ਬੁੱਕ ਦੇ ਪਹਿਲੇ ਪੰਨੇ ਦੀ ਕਾਪੀ ਜਾਂ ਕੈਂਸਲ ਚੈੱਕ)
8. 2 ਫੋਟੋਆ

**ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ)**
**ਪੰਜਾਬ ਐਸ.ਏ.ਐਸ ਨਗਰ**

ਪਿੱਠ ਅੰਕਣ ਨੰ: ਉੱਕਤ ਮਿਤੀ

ਉਤਾਰਾ ਨਿੱਜੀ ਸਹਾਇਕ /ਸਕੱਤਰ ਸਕੂਲ ਸਿੱਖਿਆ ਨੂੰ ਸਕੱਤਰ ਸਕੂਲ ਸਿੱਖਿਆ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ/-

**ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ)**
**ਪੰਜਾਬ ਐਸ.ਏ.ਐਸ ਨਗਰ**